ਨਿਊਜ਼ ਰਿਲੀਜ਼

# ਲਿੰਗ -ਆਧਾਰਿਤ ਹਿੰਸਾ ਤੋਂ ਬਚਣ ਵਾਲਿਆਂ ਲਈ ਸੰਕਟ ਸਹਾਇਤਾ

09 ਦਸੰਬਰ, 2022

## ਅਲਬਰਟਾ ਦੀ ਸਰਕਾਰ ਲਿੰਗ -ਆਧਾਰਿਤ ਹਿੰਸਾ ਦਾ ਅਨੁਭਵ ਕਰ ਰਹੇ ਅਲਬਰਟਾ ਵਾਸੀਆਂ ਨੂੰ ਸੰਕਟ ਸਹਾਇਤਾ ਪ੍ਰਦਾਨ ਕਰਨ ਲਈ ਵੂਮੈਨ ਐਂਡ ਜੈਂਡਰ ਇਕੁਅਲਟੀ ਕੈਨੇਡਾ (ਔਰਤਾਂ ਅਤੇ ਲਿੰਗ ਸਮਾਨਤਾ ਕੈਨੇਡਾ ) ਨਾਲ ਭਾਈਵਾਲੀ ਕਰ ਰਹੀ ਹੈ।

ਜਦੋਂ ਕੋਈ ਵਿਅਕਤੀ ਸੰਕਟ ਵਿੱਚ ਹੁੰਦਾ ਹੈ, ਤਾਂ ਉਸਨੂੰ ਤੁਰੰਤ ਦੇਖਭਾਲ ਦੀ ਲੋੜ ਹੁੰਦੀ ਹੈ। ਇਸਦਾ ਮਤਲਬ ਇਹ ਜਾਣਨਾ ਹੈ ਕਿ ਲੋੜ ਪੈਣ 'ਤੇ ਉਹਨਾਂ ਨੇ ਲੋੜੀਂਦੇ ਸਮਰਥਨ ਨਾਲ ਸਿੱਧੇ ਤੌਰ 'ਤੇ ਜੁੜਨ ਲਈ ਕਿਸ ਨੂੰ ਫੋਨ ਕਰਨਾ ਹੈ।

ਸੰਕਟ ਦੀਆਂ ਹੌਟਲਾਈਨਾਂ ਬਚੇ ਲੋਕਾਂ ਲਈ ਜੀਵਨ ਰੇਖਾ ਹਨ। ਅਲਬਰਟਾ ਦੀ ਸਰਕਾਰ ਬਚੇ ਹੋਏ ਲੋਕਾਂ ਨੂੰ ਲੋੜ ਪੈਣ 'ਤੇ ਜ਼ਰੂਰੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਔਰਤਾਂ ਅਤੇ ਲਿੰਗ ਸਮਾਨਤਾ ਕੈਨੇਡਾ (Women and Gender Equality Canada) ਨਾਲ ਸਾਂਝੇਦਾਰੀ ਵਿੱਚ, 211 ਨੂੰ $3 ਮਿਲੀਅਨ ਨਿਰਦੇਸ਼ਿਤ ਕੀਤੇ ਜਾ ਰਹੇ ਹਨ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸੰਕਟ ਸਹਾਇਤਾ ਅਲਬਰਟਾ ਵਾਸੀਆਂ ਨੂੰ ਲੋੜ ਪੈਣ 'ਤੇ ਉਨ੍ਹਾਂ ਦੀ ਜ਼ਰੂਰਤ ਦਾ ਸਹਿਯੋਗ ਦਿੰਦੀ ਹੈ। ਇਹ ਨਿਵੇਸ਼ ਇੱਕ ਭਰੋਸੇਮੰਦ, ਸੁਚਾਰੂ 24/7 ਸੇਵਾ ਦਾ ਨਿਰਮਾਣ ਜਾਰੀ ਰੱਖਣ ਵਿੱਚ ਮਦਦ ਕਰੇਗਾ ਜੋ ਅਲਬਰਟਾ ਵਾਸੀਆਂ ਨੂੰ ਉਹਨਾਂ ਦੀਆਂ ਤਤਕਾਲ ਜ਼ਰੂਰਤਾਂ ਪੂਰੀਆਂ ਕਰਨ ਵਾਲੇ ਸਰੋਤਾਂ ਨਾਲ ਜੋੜਦਾ ਹੈ।

ਇਹ ਨਵੀਂ ਫੰਡਿੰਗ ਲਿੰਗ -ਆਧਾਰਿਤ ਹਿੰਸਾ ਤੋਂ ਬਚਣ ਵਾਲਿਆਂ ਨੂੰ ਲੋੜੀਂਦੇ ਰੈਪ-ਅਰਾਉਂਡ ਸਮਰਥਨਾਂ ਦੇ ਨਾਲ ਸੇਵਾ ਤਾਲਮੇਲ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰੇਗੀ, ਜਿਵੇਂ ਕਿ ਕੌਂਸਲਿੰਗ, ਸਿਹਤ ਸੰਭਾਲ ਕਾਨੂੰਨੀ ਸੇਵਾਵਾਂ ਅਤੇ ਕਈ ਹੋਰ।

ਅਲਬਰਟਾ ਦੀ ਸਰਕਾਰ ਸਾਡੇ ਸੂਬੇ ਵਿੱਚ ਲਿੰਗ -ਅਧਾਰਤ ਹਿੰਸਾ ਨੂੰ ਰੋਕਣ ਲਈ ਸਹਿਮਤੀ ਦੀ ਸੰਸਕ੍ਰਿਤੀ ਨੂੰ ਆਪਨਾਉਣ, ਮਰਦਾਂ ਅਤੇ ਮੁੰਡਿਆਂ ਨੂੰ ਸ਼ਾਮਲ ਕਰਨ, ਲਿੰਗ -ਅਧਾਰਿਤ ਹਿੰਸਾ ਪ੍ਰਤੀ ਸਾਡੀ ਪ੍ਰਤੀਕਿਰਿਆ ਨੂੰ

Classification: Public

ਬਿਹਤਰ ਬਣਾ ਕੇ ਅਤੇ ਬਚਣ ਵਾਲਿਆਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਇਹ ਫੰਡਿੰਗ ਉਸ ਵਚਨਬੱਧਤਾ ਵੱਲ ਇੱਕ ਮਹੱਤਵਪੂਰਨ ਕਦਮ ਹੈ।

# ਫੌਰੀ ਤੱਥ

• 211 ਇੱਕ ਜ਼ਰੂਰੀ ਸੇਵਾ ਹੈ ਜੋ ਅਲਬਰਟਾ ਵਾਸੀਆਂ ਨੂੰ ਸਹੀ ਸਮੇਂ 'ਤੇ ਸਹੀ ਸਰੋਤ ਲੱਭਣ ਵਿੱਚ ਮਦਦ ਕਰਦੀ ਹੈ। 211 ਕਮਿਊਨਿਟੀ, ਸਮਾਜਿਕ, ਸਿਹਤ ਅਤੇ ਸਰਕਾਰੀ ਸੇਵਾਵਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਲਈ ਜਾਣਕਾਰੀ ਅਤੇ ਰੈਫਰਲ ਪ੍ਰਦਾਨ ਕਰਦਾ ਹੈ, ਭਾਵੇਂ ਉਹ ਕਿਤੇ ਵੀ ਰਹਿੰਦੇ ਹਨ।

• ਕਿਉਂਕਿ ਇਹ ਲਿੰਗ -ਆਧਾਰਿਤ ਹਿੰਸਾ ਨਾਲ ਸੰਬੰਧਿਤ ਹੈ, 211 ਫੋਨ ਕਰਨ ਵਾਲਿਆਂ ਨੂੰ ਆਸਰਾ, ਸਲਾਹ, ਸਿਹਤ ਦੇਖ-ਰੇਖ ਅਤੇ ਕਾਨੂੰਨੀ ਸੇਵਾਵਾਂ ਸਮੇਤ ਲੋੜੀਂਦੇ ਸਮਰਥਨ ਲਈ ਨੈਵੀਗੇਟ ਕਰਨ ਵਿੱਚ ਮਦਦ ਕਰਦਾ ਹੈ।

• ਕੈਨੇਡਾ ਵਿੱਚ ਜਿਨਸੀ ਹਿੰਸਾ ਸਭ ਤੋਂ ਘੱਟ ਰਿਪੋਰਟ ਕੀਤੇ ਜਾਣ ਵਾਲਾ ਅਪਰਾਧ ਹੈ।

o ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਜਿਨਸੀ ਹਿੰਸਾ ਤੋਂ ਬਚਣ ਵਾਲੇ 94 ਪ੍ਰਤੀਸ਼ਤ ਨੇ ਪੁਲਿਸ ਨੂੰ ਆਪਣੇ ਹਮਲਿਆਂ ਦੀ ਰਿਪੋਰਟ ਨਹੀਂ ਕੀਤੀ।

• ਜਦੋਂ ਕਿ ਕੋਈ ਵੀ ਜਿਨਸੀ ਹਿੰਸਾ ਦਾ ਅਨੁਭਵ ਕਰ ਸਕਦਾ ਹੈ, ਜ਼ਿਆਦਾਤਰ ਘਟਨਾਵਾਂ ਔਰਤਾਂ ਅਤੇ ਲੜਕੀਆਂ ਵਿਰੁੱਧ ਹੁੰਦੀਆਂ ਹਨ।

ਕੈਨੇਡਾ ਵਿੱਚ ਬਚੇ ਹੋਏ ਲੋਕਾਂ ਵਿੱਚੋਂ 47 ਫੀਸਦੀ ਦੀ ਉਮਰ 15 ਤੋਂ 24 ਸਾਲ ਦੇ ਵਿਚਕਾਰ ਹੈ।

### ਸੰਬੰਧਿਤ ਜਾਣਕਾਰੀ

- ਲਿੰਗ-ਅਧਾਰਿਤ ਹਿੰਸਾ ਦੀ ਰੋਕਥਾਮ (Gender-based violence prevention)

Classification: Public